ਮੁਖਵਾਕ ਨੰਬਰ ੯੩ [ਆਦਿ ਅੰਗ ੬੭੭]

***ਧਨਾਸਰੀ ਮਹਲਾ ੫ ॥ ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥ ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥੧॥ ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥ ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥ ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥੨॥ ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥ ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥੩॥ ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥ ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥੪॥੩॥੨੭॥***

ਇਹ ਅੰਮ੍ਰਿਤ ਬਚਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ। ਇਸ ਮੁਖਵਾਕ ਵਿੱਚ ਗਿਆਨਵਾਨਾਂ ਦੀ ਦ੍ਰਿਸ਼ਟੀ ਦਾ ਸੰਕਲਪ ਹੈ। ਬ੍ਰਹਮ ਗਿਆਨ ਹੋਣ ਤੋਂ ਕਣ-ਕਣ ਵਿੱਚ ਵਾਹਿਗੁਰੂ ਪ੍ਰਮੇਸ਼ਰ ਦ੍ਰਿਸ਼ਟੀ ਆ ਰਿਹਾ ਹੈ। ਇਹ ਬ੍ਰਹਮ ਗਿਆਨ ਦੀ ਪ੍ਰਪੱਕ ਅਵਸਥਾ ਜਿਸ ਅਵਸਥਾ ਵਿੱਚ ਸਤਿਗੁਰੂ ਜੀ ਆਪ ਵਿਚਰੇ ਔਰ ਹੋਰ ਅਨੇਕਾਂ ਗੁਰਸਿੱਖ ਇਸ ਦ੍ਰਿਸ਼ਟੀ ਵਾਲੇ ਪੈਦਾ ਕੀਤੇ। ਔਰ ਗਿਆਨ ਦੀ ਐਸੀ ਅਵਸਥਾ ਨੂੰ ਜੋ ਸਤਿਗੁਰਾਂ ਦੀ ਆਪਣੀ ਹੈ, ਉਸ ਨੂੰ ਆਪਣੇ ਅੰਮ੍ਰਿਤ-ਮਈ ਬਚਨਾਂ ਵਿੱਚ ਪ੍ਰਗਟ ਕਰਦੇ ਹਨ।

## *ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*

ਸਤਿਗੁਰੂ ਜੀ ਆਖਦੇ ਹਨ ਕਿ ਮੈਂ ਜਿਥੇ-ਜਿਥੇ ਵੇਖਦਾ ਹਾਂ ਉਥੇ ਹੀ ਮੇਰਾ ਵਾਹਿਗੁਰੂ ਹਜੂਰਿ=ਨੇੜੇ ਹੈ ਤੇ ਕਦੇ ਭੀ ਕਿਧਰੇ ਦੂਰ ਨਹੀਂ ਜਾਂਦਾ। ਵਿਆਪਕ ਪ੍ਰਮੇਸ਼ਰ ਦਾ ਗਿਆਨ ਦ੍ਰਿਸ਼ਟੀ ਦੁਆਰਾ ਹੀ ਪ੍ਰਤੱਖ ਹੋਣਾ ਪ੍ਰਾਪਤ ਹੁੰਦਾ ਹੈ। ਜਦੋਂ ਵਾਹਿਗੁਰੂ ਗਿਆਨ ਦੀ ਦ੍ਰਿਸ਼ਟੀ ਖੁਲ੍ਹੀ ਤੋਂ ਨਜ਼ਰ ਆਉਣ ਲੱਗ ਜਾਏ ਫੇਰ ਹਰ ਥਾਂ ਹੀ ਪ੍ਰਤੱਖ ਨਜ਼ਰ ਆਉਂਦਾ ਹੈ। ਕੋਈ ਐਸੀ ਥਾਂ ਨਹੀਂ ਜਿਥੇ ਕਿ ਉਹ ਦ੍ਰਿਸ਼ਟੀ ਨਾ ਆਵੇ। ਕਿਉਂਕਿ ਜਿਹੜੀ ਚੀਜ਼ ਦੂਰ ਹੋਵੇ ਉਹ ਨਜ਼ਰ ਨਹੀਂ ਆਇਆ ਕਰਦੀ। ਜੋ ਵਸਤੂ ਨੇੜੇ ਹੈ ਉਹ ਵਸਤੂ ਸਹੀ ਰੂਪ ਵਿੱਚ ਦਿਸਦੀ ਹੈ। ਜਦੋਂ ਪ੍ਰਮਾਤਮਾ ਪ੍ਰਤੱਖ ਰੂਪ ਵਿੱਚ ਪ੍ਰਾਪਤ ਹੋ ਗਿਆ ਤਾਂ ਦੂਰੀ ਦੀ ਗੱਲ ਖਤਮ ਹੋ ਜਾਂਦੀ ਹੈ।

ਯਥਾ— **ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥** [ਰਾਗ ਸੋਰਠਿ ਨਾਮਦੇਵ ਜੀ, ਅੰਗ ੬੫੭]

ਤੇ ਇਸ ਪ੍ਰਕਾਰ ਪ੍ਰਮਾਤਮਾ ਦਾ ਰੂਪ ਨੇੜੇ ਤੋਂ ਨੇੜੇ ਦਿਸਣ ਲਗ ਜਾਂਦਾ ਹੈ। ਦੂਰੀ ਦਾ ਭਾਵ ਖਤਮ ਹੋ ਜਾਂਦਾ ਹੈ। ਜਿਵੇਂ ਕਿ ਨਾਮਦੇਵ ਜੀ ਜੋ ਹਰ ਜਗ੍ਹਾ ਪ੍ਰਮਾਤਮਾ ਨੂੰ ਦੇਖ ਰਹੇ ਸਨ ਜੇ ਕੁੱਤਾ ਰੋਟੀ ਚੁਕ ਕੇ ਲੈ ਗਿਆ ਤਾਂ ਦਾਲ ਲੈ ਕੇ ਮਗਰ ਦੌੜੇ, ਇੱਕ ਕੁਤੇ ਵਿਚ ਭੀ ਪ੍ਰਮਾਤਮਾ ਨੂੰ ਵੇਖਿਆ ਤੇ ਭਗਤ ਪ੍ਰਹਿਲਾਦ ਪ੍ਰਮਾਤਮਾ ਨੂੰ ਹਰ ਜਗ੍ਹਾ ਵੇਖਦਾ ਸੀ ਹਰ ਥਾਂ ਤੇ ਪ੍ਰਮਾਤਮਾ ਗੁਪਤ ਰੂਪ ਹੋ ਕੇ ਰੱਖਿਆ ਕਰਦਾ ਰਿਹਾ। ਹਰਨਾਖਸ ਦੀ ਰਾਜਧਾਨੀ ਮੁਲਤਾਨ ਵਿੱਚ ਸੀ। ਜਿਥੇ ਅੱਜ ਤੱਕ ਚਿੰਨ ਪਾਏ ਜਾਂਦੇ ਹਨ। ਜਦੋਂ ਹਰਨਾਖਸ ਨੇ ਅਤਿ ਕਰ ਦਿੱਤੀ ਪਿਤਾ ਤੇ ਪੁੱਤ ਦਾ ਝਗੜਾ ਖ਼ਤਰਨਾਕ ਮੋੜ ਤੇ ਚਲਾ ਗਿਆ ਪ੍ਰਹਿਲਾਦ ਕਹਿੰਦਾ ਸੀ ਪ੍ਰਮਾਤਮਾ ਹਰ ਥਾਂ ਹੈ ਤੇ ਹਰਨਾਖਸ ਕਹਿੰਦਾ ਸੀ ਕਿ ਪ੍ਰਮਾਤਮਾ ਕਿਸੇ ਥਾਂ ਵੀ ਨਹੀਂ ਹੈ। ਹਰਨਾਖਸ ਨੇ ਹੰਕਾਰ ਵਿੱਚ ਆ ਕੇ ਲੋਹੇ ਦਾ ਥੰਮ੍ਹ ਤਪਾਇਆ। ਤਪੇ ਥੰਮ੍ਹ ਵੱਲ ਇਸ਼ਾਰਾ ਕਰਕੇ ਪੁਛਿਆ ਕਿ ਤੇਰਾ ਰਾਮ ਇਸ ਥੰਮ੍ਹ ਵਿੱਚ ਭੀ ਹੈ ! ਤਾਂ ਪ੍ਰਹਿਲਾਦ ਨੇ ਉੱਤਰ ਦਿੱਤਾ ਸੀ ਕਿ ਹਾਂ ਪਿਤਾ ਜੀ ਮੇਰਾ ਰਾਮ ਇਸ ਥੰਮ੍ਹ ਵਿੱਚ ਮੌਜੂਦ ਹੈ। ਹਰਨਾਖਸ ਨੇ ਕਿਹਾ ਕਿ ਫਿਰ ਆਪਣੇ ਰਾਮ ਨੂੰ ਪਿਆਰ ਨਾਲ ਗਲਵੱਕੜੀ ਪਾ ਲੈ। ਦੇਖਾਂ ਤੇਰਾ ਰਾਮ ਤੱਤੇ ਥੰਮ੍ਹ ਵਿੱਚ ਕਿਵੇਂ ਹੈ। ਜੇ ਹੁੰਦਾ ਤਾਂ ਮੈਨੂੰ ਭੀ ਨਜ਼ਰ ਆਉਂਦਾ, ਤਾਂ ਪ੍ਰਹਿਲਾਦ ਨੇ ਕਿਹਾ ਪਿਤਾ ਜੀ ਤੁਹਾਡੀ ਤੇ ਮੇਰੀ ਭਾਵਨਾ ਵਿੱਚ ਬੜਾ ਅੰਤਰਾ ਹੈ। ਨਜ਼ਰ ਤਾਂ ਤੁਹਾਨੂੰ ਭੀ ਆਵੇਗਾ, ਪਰ ਤੁਹਾਨੂੰ ਫਲ ਤੁਹਾਡੀ ਭਾਵਨਾ ਅਨੁਸਾਰ ਦੇਵੇਗਾ ਤੇ ਮੈਨੂੰ ਫਲ ਮੇਰੀ ਭਾਵਨਾ ਅਨੁਸਾਰ ਦੇਵੇਗਾ। ਤਾਂ ਪ੍ਰਹਿਲਾਦ ਨੇ ਅਰਦਾਸ ਕੀਤੀ ਕਿ ਹੇ ਮੇਰੇ ਰਾਮ ਹੁਣ ਤਾਂ ਤੈਨੂੰ ਪ੍ਰਤੱਖ ਰੂਪ ਵਿੱਚ ਪਰਗਟ ਹੋਣਾ ਪਵੇਗਾ। ਤੱਤੇ ਥੰਮ੍ਹ ਵਿੱਚੋਂ ਨਰਸਿੰਘ ਦਾ ਰੂਪ ਧਾਰ ਕੇ ਹਰਨਾਖਸ ਨੂੰ ਮਾਰਨਾ ਕੀਤਾ ਤੇ ਪ੍ਰਹਿਲਾਦ ਨੂੰ ਤਾਰਿਆ।

PDF created with pdfFactory Pro trial version www.pdffactory.com

ਯਥਾ— **ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥** [ਆਸਾ ਮਃ ੪, ਅੰਗ ੪੫੧]

ਸੋ ਇਸ ਪ੍ਰਕਾਰ ਪ੍ਰਹਲਾਦ ਭਗਤ ਨੇ ਤੱਤਿਆਂ ਥੰਮ੍ਹਾਂ ਵਿੱਚ ਵੀ ਹਾਜ਼ਰ ਦੇਖਿਆ।

ਯਥਾ— **ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥** [ਸੋਰਠਿ ਮਃ ੧, ਦੁਤਕੇ ਅੰਗ ੫੯੬]

## ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥੧॥

ਵਾਹਿਗੁਰੂ ਸਾਰਿਆਂ ਵਿੱਚ ਰਵਿ=ਮਿਲ ਰਿਹਾ ਹੈ, ਪੂਰਨ ਹੋ ਰਿਹਾ ਹੈ ਹੇ ਮੇਰੇ ਮਨ! ਤੂੰ ਸਦਾ ਹੀ ਉਸ ਨੂੰ ਧਿਆਉਣਾ ਕਰ।

## ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥

ਈਤ=ਇਸ ਲੋਕ ਊਤ=ਪ੍ਰਲੋਕ ਵਿੱਚ ਜੋ ਕਦੇ ਵੀ ਵਿਛੜਦਾ ਨਹੀਂ ਹੈ। ਉਹੀ ਸਚਾ ਸੰਗੀ=ਸਾਥੀ ਗਨੀਐ=ਵਿਚਾਰਨਾ ਚਾਹੀਦਾ ਹੈ।

ਇਸੇ ਤੁਕ ਦੇ ਉਤੇ ਇਤਿਹਾਸ ਦੇ ਪੰਨਿਆਂ ਤੇ ਇਕ ਸਾਖੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅੰਕਿਤ ਹੈ ਕਿ ਜਦੋਂ ਗੁਰੂ ਅਮਰਦਾਸ ਜੀ ਗੁਰਤਾ ਗੱਦੀ ਦੇ ਸੁਸ਼ੋਭਿਤ ਨਹੀਂ ਹੋਏ ਸਨ ਤਾਂ ਮੋਹੜੇ ਗ੍ਰਾਮ ਦਾ ਦੁਰਗਾ ਨਾਮ ਦਾ ਬ੍ਰਾਹਮਣ ਜੋ ਕਿ ਜੋਤਿਸ਼ ਵਿਦਿਆ ਦਾ ਜਾਣੂ ਸੀ। ਗੁਰੂ ਅਮਰਦਾਸ ਜੀ ਦੀ ਪਦਮ ਰੇਖਾ ਦੇਖ ਕੇ ਉਸ ਨੇ ਕਿਹਾ ਸੀ ਕਿ ਤੁਹਾਡੇ ਸੀਸ ਤੇ ਛੱਤਰ ਝੁਲੇਗਾ। ਜਦੋਂ ਸਤਿਗੁਰੂ ਜੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਣ ਤੋਂ ਉਪਰੰਤ ਇਸ ਨਗਰ ਵਿੱਚ ਪਹੁੰਚੇ ਤਾਂ ਦੁਰਗਾ ਨਾਮੀ ਪੰਡਿਤ ਨੇ ਇਕ ਸਿੱਖ ਤੋਂ ਪੁਛਿਆ ਕਿ ਇਹ ਕੌਣ ਹਨ।

**ਤਿਸਨੇ ਸਕਲ ਬਤਾਵਨਿ ਕੀਨਾ। ਅਮਰ ਦਾਸ ਸ੍ਰੀ ਗੁਰੂ ਪ੍ਰਬੀਨਾ।**
**ਸ੍ਰੀ ਨਾਨਕ ਗਾਦੀ ਪਰ ਬੈਸਾ। ਹੋਤਿ ਸਫਲ ਮੁਖ ਤੇ ਕਹਿ ਜੈਸਾ॥੪॥**

[ਗੁਰ ਪ੍ਰਤਾਪ ਰਾਸਿ ੧, ਅੰਸੂ ੫੦]

ਸਿੱਖ ਨੇ ਕਿਹਾ ਕਿ ਤੀਸਰੇ ਗੁਰੂ ਅਮਰਦਾਸ ਜੀ ਸੰਸਾਰ ਦੇ ਜੀਵਾਂ ਨੂੰ ਤਾਰਨ ਲਈ ਤੀਰਥਾਂ ਤੇ ਰਟਨ ਕਰਦੇ ਹੋਏ ਇਥੇ ਪਹੁੰਚੇ ਹਨ। ਬ੍ਰਾਹਮਣ ਨੇ ਵਿਚਾਰ ਕੀਤਾ ਕਿ ਇਹ ਤਾਂ ਉਹ ਹੀ ਗੁਰੂ ਜੀ ਹਨ ਜਿਨਾਂ ਦੇ ਚਰਨ ਵਿੱਚ ਪਦਮ ਵੇਖਿਆ ਸੀ। ਜਦੋਂ ਸਿਖਾਂ ਨੇ ਜਾਣਕਾਰੀ ਦਿੱਤੀ ਤੇ ਬ੍ਰਹਮਣ ਦੇ ਮਨ ਵਿੱਚ ਸ਼ੰਕਾ ਪੈਦਾ ਹੋਈ ਕਿ ਕਿਤੇ ਕੋਈ ਹੋਰ ਹੀ ਨਾ ਹੋਵੇ ਤਾਂ ਸਹਿਜੇ-ਸਹਿਜੇ ਸਤਿਗੁਰਾਂ ਦੇ ਨਜ਼ਦੀਕ ਜਾਣਾ ਕੀਤਾ ਤੇ ਗੁਰੂ ਜੀ ਨੂੰ ਪਛਾਣ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਚਰਨਾਂ ਵਿੱਚ ਜਾ ਕੇ ਬੇਨਤੀ ਕੀਤੀ।

**ਹੇ ਪ੍ਰਭ ਮੈਂ ਦਿਜ ਜਾਨਹੁ ਸੋਈ॥ ਪੂਰਬ ਮਿਲਯੋ ਬਰਖ ਬਹੁ ਹੋਈ॥**
**ਪਿਖਯੋ ਪਦਮ ਪਦ ਪਦਮ ਮਝਾਰੀ॥ ਤਬ ਨ ਜਾਚਨਾ ਕੀਨਿ ਤੁਮਾਰੀ॥੧੦॥**

[ਗੁਰਪ੍ਰਤਾਪ ਰਾਸਿ ੧ ਅੰਸੂ ੫੦]

ਬ੍ਰਾਹਮਣ ਕਹਿਣ ਲੱਗਾ ਕਿ ਤੁਸੀਂ ਮੇਰੇ ਨਾਲ ਇਕਰਾਰ ਕੀਤਾ ਸੀ ਕਿ ਜਿਸ ਵੇਲੇ ਸਾਨੂੰ ਇਹ ਵਡਿਆਈ ਮਿਲੇਗੀ ਤਾਂ ਤੇਰੇ ਮਨ ਦੀ ਜੋ ਵੀ ਕਾਮਨਾ ਹੋਵੇਗੀ ਉਹ ਪੂਰੀ ਹੋਵੇਗੀ। ਸੋ ਹੁਣ ਉਹ ਸਮਾਂ ਆ ਗਿਆ ਹੈ। ਕਿਰਪਾ ਕਰਕੇ ਮੇਰੇ ਮਨ ਦੀ ਭਾਵਨਾ ਪੂਰੀ ਕਰੋ। ਸਤਿਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਜੋ ਤੇਰੇ ਮਨ ਦੀ ਇੱਛਾ ਹੈ ਸੋ ਬਿਨਾਂ ਕਿਸੇ ਦੇਰ ਤੋਂ ਪ੍ਰਾਪਤ ਹੋਵਗੀ। ਇਸ ਲੋਕ ਦੇ ਸੁਖ, ਧਨ ਪਦਾਰਥ, ਸੁੰਦਰ ਇਸਤਰੀ, ਪੁਤਰ ਆਦਿ ਪ੍ਰਾਪਤ ਹੋਣਗੇ। ਜੇਕਰ ਸੰਸਾਰਕ ਸੁਖ ਨਾਸਵਾਨ ਜਾਣ ਕਰਕੇ ਪ੍ਰਲੋਕ ਦਾ ਸੁਖ ਤੇ ਜੰਮਣ-ਮਰਣ ਤੋਂ ਰਹਿਤ ਪਦਵੀ ਪ੍ਰਾਪਤ ਕਰਨੀ ਹੈ ਤਾਂ ਉਹ ਵੀ ਤੁਹਾਨੂੰ ਪ੍ਰਾਪਤ ਹੋਵੇਗੀ। ਸਤਿਗੁਰਾਂ ਨੇ ਕਿਹਾ ਲੋਕ ਜਾਂ ਪ੍ਰਲੋਕ ਦਾ ਇੱਕ ਸੁਖ ਤੁਸੀਂ ਲੈ ਸਕਦੇ ਹੋ। ਇਹ ਸੁਣ ਕਰਕੇ ਬ੍ਰਾਹਮਣ ਸੰਸੇ ਵਿੱਚ ਪੈ ਗਿਆ ਤੇ ਕੋਈ ਭੀ ਨਿਰਣਾ ਨਾ ਕਰ ਸਕਿਆ। ਜਦੋਂ ਚੁਪ ਕੀਤਿਆਂ ਇਕ ਘੜੀ ਦਾ ਸਮਾਂ

PDF created with pdfFactory Pro trial version www.pdffactory.com

ਬਤੀਤ ਹੋ ਗਿਆ ਤਾਂ ਸਤਿਗੁਰੂ ਜੀ ਨੇ ਉਸ ਵੱਲ ਵੇਖਣਾ ਕੀਤਾ ਤੇ ਇਹ ਬਚਨ ਆਖੇ।

ਯਥਾ— **'ਭੋ ਦਿਜਵਰ! ਕਯੋ ਤੂਸ਼ਨਿ ਠਾਨੀ॥ ਜਾਚਨ ਕੀਜੈ ਚਾਹਿ ਮਹਾਨੀ॥**
**ਸੋ ਹਮ ਤੇ ਲਿਹੁ ਜੋ ਮਨ ਭਾਵਾ। ਸਾਚ ਕਰਹਿ ਬਚ ਹਮ ਜੁ ਅਲਾਵਾ॥੧੨॥**
[ਗੁਰ: ਪ੍ਰ: ਸੂ: ਗ੍ਰੰਥ ਰਾਸਿ ੧, ਅੰਸੂ ੫੦]

ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਬ੍ਰਾਹਮਣ ਨੇ ਬੜੀ ਦੀਨਤਾ ਦੇ ਸਹਿਤ ਗੁਰ ਚਰਨਾਂ ਵਿੱਚ ਸੀਸ ਨਿਵਾ ਕੇ ਇਹ ਬਚਨ ਕਹੇ।

ਯਥਾ— **ਦਿਜਉ ਵਾਚ**
**'ਨਾਮ ਦੇਹਿਂ, ਧਨ ਦੇਹਿਂ ਨ ਜਨ ਕੋ, ਧਨ ਬਿਹੀਨ ਜਨ ਜਗ ਨ ਸੁਹਾਇ।**
**ਜੇ ਧਨ ਦੇਹਿਂ ਨਾਮ ਨਹਿਂ ਦੇਵੈਂ, ਨਾਮ ਬਿਨਾਂ ਜਨ ਜਮਪੁਰਿ ਜਾਇ।**
**ਤੁਮ ਪਹਿ ਕਹੀ ਨਹੀ ਬਨਿ ਆਵਹਿ ਜਯੋਂ ਭਾਵੈਂ ਤਯੋ ਬਨਤਿ ਬਨਾਇ॥**
**ਗੁਰ ਅਮਰਦਾਸ ਤੇਜੋ ਕੇ ਨੰਦਨ ਦੋਨਹੁ ਨਿਰਮਲੁ ਪੱਖ ਚਲਾਇ॥**
[ਗੁਰ ਪ੍ਰ: ਸੂ: ਗ੍ਰੰ: ਰਾਸਿ ੧, ਅੰਸੂ ੫੦]

ਬ੍ਰਾਹਮਣ ਦੇ ਇਹ ਬਚਨ ਸੁਣ ਕੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਤੁਹਾਨੂੰ ਦੋਨੋਂ ਹੀ ਲੋਕਾਂ ਦੇ ਸੁਖ ਪ੍ਰਾਪਤ ਹੋਣਗੇ। ਇਸ ਲੋਕ ਦੇ ਧਨ ਪਦਾਰਥ ਤੇ ਸਤਿਨਾਮ ਦਾ ਸਿਮਰਣ ਕਰਨ ਕਰਕੇ ਮੁਕਤੀ ਨੂੰ ਪ੍ਰਾਪਤ ਕਰੋਗੇ। ਇਸ ਪ੍ਰਕਾਰ ਜੋ ਲੋਕ ਪ੍ਰਲੋਕ ਵਿੱਚ ਕਦੇ ਵਿਛੜਦਾ ਨਹੀਂ ਉਸ ਨੂੰ ਆਪਣੇ ਅੰਗ-ਸੰਗ ਜਾਨਣਾ ਕਰੀਏ।

## *ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ਰਹਾਉ॥*

ਜੋ ਵੀ ਪਦਾਰਥ ਨਿਮਖ=ਛਿਨ ਵਿੱਚ ਨਾਸ ਹੋਣ ਵਾਲੇ ਹਨ ਉਨ੍ਹਾਂ ਪਦਾਰਥਾਂ ਤੋਂ ਪ੍ਰਾਪਤ ਹੋਣ ਵਾਲਾ ਸੁੱਖ ਵੀ ਅਲਪ=ਤੁਛ ਮਾਤਰ ਭਨੀਐ=ਕਹੀਦਾ ਹੈ। ਸੰਸਾਰ ਤੇ ਤਮਾਮ ਜੀਵ ਸੁਖ ਦੇ ਵਾਸਤੇ ਦਿਨ ਰਾਤ ਦੌੜੇ ਫਿਰਦੇ ਹਨ, ਪਰ ਪ੍ਰਭੂ ਸਿਮਰਨ ਤੋਂ ਬਿਨਾਂ ਕਦੇ ਵੀ ਸਦੀਵੀ ਸੁਖ ਪ੍ਰਾਪਤ ਨਹੀਂ ਹੋ ਸਕਦਾ। ਸੰਸਾਰੀ ਪਦਾਰਥਾਂ ਦੇ ਜੋ ਵੀ ਸੁਖ ਹਨ ਇਹ ਇਕ ਸੁਖ ਦਾ ਭਰਮ ਹੈ। ਵਾਸਤਵ ਵਿੱਚ ਸਾਰੇ ਦੁਖ ਰੂਪ ਹੀ ਹਨ ਕਿਉਂਕਿ ਜੋ ਵੀ ਸੰਸਾਰੀ ਪਦਾਰਥ ਹਨ ਇਹ ਸਾਰੇ ਬਿਨਸਨਹਾਰ ਹਨ। ਬਿਨਸਨਹਾਰ ਪਦਾਰਥ ਤੋਂ ਕਦੇ ਵੀ ਅਬਿਨਾਸੀ ਸੁਖ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਸੱਚਾ-ਸਦੀਵੀ ਸੁਖ ਨਾਮ ਦੇ ਜਪਣ ਨਾਲ ਹੀ ਪ੍ਰਾਪਤ ਹੁੰਦਾ ਹੈ। ਕਿਉਂਕਿ ਇਕ ਪ੍ਰਮਾਤਮਾ ਹੀ ਅਬਿਨਾਸੀ ਹੈ। ਅਬਿਨਾਸੀ ਪ੍ਰਭੂ ਦੇ ਨਾਮ-ਸਿਮਰਨ ਤੋਂ ਹੀ ਅਬਿਨਾਸੀ ਸੁਖ ਮਿਲਦਾ ਹੈ।

ਯਥਾ— **ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥**
**ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥** [ਟੋਡੀ ਮਹਲਾ ੫, ਅੰਗ ੭੧੪]

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥ ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥**
[ਗਉੜੀ ਕੀ ਵਾਰ ਮਃ ੫, ਅੰਗ ੩੨੨]

ਇਸ ਵਾਸਤੇ ਸੰਸਾਰ ਦੇ ਸੁਖਾਂ ਨੂੰ ਛਿਨ ਵਿੱਚ ਨਾਸ ਹੋਣ ਵਾਲਾ ਕਥਨ ਕੀਤਾ ਹੈ।

ਯਥਾ— **ਸਮ ਸੁਪਨੈ ਕੈ ਇਹੁ ਜਗੁ ਜਾਨੁ॥ ਬਿਨਸੈ ਛਿਨ ਮੈ ਸਾਚੀ ਮਾਨੁ॥** [ਬਸੰਤੁ ਮਃ ੯, ਅੰਗ ੧੧੮੬]

## *ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*

ਜੋ ਸਾਰੇ ਜੀਵਾਂ ਦੀ ਅਪਿਆਉ=ਭੋਜਨ ਦੇ ਕੇ ਜੀਵਾਂ ਦੇ ਪ੍ਰਤਿ=ਤਾਈਂ ਪਾਲੈ=ਪਾਲਣਾ ਕਰਦਾ ਹੈ। ਉਸ ਪ੍ਰਭੂ ਦੇ ਪਾਸ ਕਿਸੇ ਵੀ ਪਦਾਰਥ ਦੀ ਊਨ=ਘਾਟ ਨਹੀਂ ਹੁੰਦੀ ਹੈ।

PDF created with pdfFactory Pro trial version www.pdffactory.com

## ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥੨॥

ਉਹ ਮੇਰਾ ਪ੍ਰਭੁ=ਮਾਲਕ ਹੀ ਸਾਰੇ ਜੀਵਾਂ ਦੀ ਸੁਆਸ-ਸੁਆਸ ਸੰਭਾਲ ਕਰਦਾ ਹੈ।

## ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥

ਜਿਸ ਪ੍ਰਭ=ਮਾਲਕ ਦਾ ਰੂਪੁ=ਸਰੂਪ ਸਾਰਿਆਂ ਤੋਂ ਉਚਾ ਹੈ, ਉਹ ਪ੍ਰਭੂ ਅਛਲ=ਛਲਣ ਤੋਂ ਰਹਿਤ, ਅਛੇਦ=ਕੱਟਣ ਤੋਂ ਰਹਿਤ ਤੇ ਅਪਾਰ=ਪਾਰਾਵਾਰ ਤੋਂ ਰਹਿਤ ਹੈ।

ਯਥਾ— **੧. ਊਚੇ ਤੇ ਊਚਾ ਪ੍ਰਭ ਥਾਨੁ ॥ ਹਰਿ ਜਨ ਲਾਵਹਿ ਸਹਜਿ ਧਿਆਨੁ ॥** [ਪ੍ਰਭਾਤੀ ਮਃ ੫, ਅੰਗ ੧੩੪੯]

**੨. ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥** [ਵਾਰ ਗੂਜਰੀ ਮਃ ੫, ਅੰਗ ੫੨੦]

**੩. ਊਚ ਮਹਲ ਸੁਆਮੀ ਪ੍ਰਭ ਮੇਰੇ ॥ ਤੂ ਅਪਰੰਪਰ ਠਾਕੁਰ ਮੇਰੇ ॥** [ਬਿਲਾਵਲੁ ਮਃ ੫, ਅੰਗ ੮੦੫]

## ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥੩॥

ਉਸ ਅਸਚਰਜ ਤੇ ਆਨੂਪੁ=ਉਪਮਾ ਤੋਂ ਰਹਿਤ ਪ੍ਰਭੂ ਦੇ ਨਾਮ ਨੂੰ ਮਨ-ਬਾਣੀ ਦੁਆਰਾ ਜਪ-ਜਪ ਕੇ ਜਨ=ਸੇਵਕ ਆਤਮਿਕ ਅਨੰਦ ਪ੍ਰਾਪਤ ਕਰਦੇ ਹਨ।

## ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥

ਹੇ ਦਇਆਲ=ਦਇਆ ਦੇ ਆਲ=ਘਰ ਵਾਹਿਗੁਰੂ ਮੈਨੂੰ ਸਾ=ਉਹ ਮਤਿ=ਬੁੱਧੀ ਦੇਣਾ ਕਰੋ ਜਿਸ ਦੁਆਰਾ ਆਪ ਜੀ ਦੇ ਨਾਮ ਦਾ ਅਰਾਧਾ=ਸਿਮਰਣ ਕਰਦਾ ਰਹਾਂ।

ਯਥਾ— **੧. ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥
ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥** [ਮਾਝ ਮਃ ੫, ਅੰਗ ੧੦੦]

**੨. ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥** [ਸੂਹੀ ਛੰਤ ਮਃ ੫, ਅੰਗ ੭੭੯]

## ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥੪॥੩॥੨੭॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਭ=ਮਾਲਕ ! ਮੈਂ ਆਪ ਜੀ ਪਾਸੋਂ ਸਾਧਾ=ਪੂਰਨ ਗੁਰਸਿੱਖਾਂ ਅਥਵਾ ਸੰਤਾਂ ਦੇ ਪਗ=ਚਰਨਾਂ ਦੀ ਧੂੜੀ ਦੀ ਦਾਨੁ=ਬਖਸ਼ਿਸ਼ ਮੰਗਦਾ ਹਾਂ।

ਯਥਾ— **੧. ਸੇਵਉ ਸਾਧ ਸੰਤ ਚਰਨੇਰੈ ॥ ਬਾਂਛਉ ਧੂਰਿ ਪਵਿਤ੍ਰ ਕਰੇਰੈ ॥
ਅਠਸਠਿ ਮਜਨੁ ਮੈਲੁ ਕਟੇਰੈ ॥** [ਕਾਨੜਾ ਮਃ ੫, ਅੰਗ ੧੩੦੪]

**੨. ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥** [ਗਉੜੀ ਮਃ ੫, ਅੰਗ ੧੮੧]

**੩. ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥** [ਤਿਲੰਗ ਮਃ ੫, ਅੰਗ ੭੨੪]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੯੪ [ਆਦਿ ਅੰਗ ੬੭੯]

***ਧਨਾਸਰੀ ਮਹਲਾ ੫ ॥ ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ ਠਾਕੁਰੁ ਗਾਈਐ ਆਤਮ ਰੰਗਿ ॥ ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥ ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥ ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥***

## *ਧਨਾਸਰੀ ਮਹਲਾ ੫ ॥*

ਇਹ ਮੁਖਵਾਕ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਧਨਾਸਰੀ ਰਾਗਣੀ ਵਿੱਚ ਅੰਕਿਤ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਸੰਸਾਰ ਵਿੱਚ ਸੂਰਮਿਆਂ ਦੀ ਗੱਲ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਹੈ, ਆਪੋ ਆਪਣੀ ਕਲਪਣਾ ਦੇ ਅਨੁਸਾਰ ਸੂਰਮੇ ਬਾਰੇ ਲੋਕੀ ਕਥਨ ਕਰਦੇ ਹਨ। ਕੁਝ ਗ੍ਰੰਥਾਂ ਵਿੱਚ ਜੋਧੇ, ਮਹਾਂਬਲੀ ਤੇ ਸੂਰਮੇ ਕਥਨ ਕੀਤਾ ਹੋਇਆ ਵਿਚਾਰ ਪ੍ਰਾਪਤ ਹੁੰਦਾ ਹੈ। ਆਪ ਕਿਰਪਾ ਕਰਕੇ ਸੂਰਮੇ ਬਾਰੇ ਸਮਝਾਉ ਕਿ ਸੂਰਮਾ ਕਿਸਨੂੰ ਕਹੀਦਾ ਹੈ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਸੂਰਮਾ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਅੰਤਰੀਵ ਤੇ ਇਕ ਬਾਹਝ ਭਾਵ ਇਕ ਮਾਨਸਿਕ ਤੇ ਇਕ ਜਿਸਮਾਨੀ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸੂਰਮਾ ਅਸਲੀ ਉਹ ਹੈ :—

## *ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥*

ਜਾ=ਜਿਸ ਕਉ=ਨੂੰ, ਜਿਸ ਜਗਿਆਸੂ ਨੂੰ ਇਸ ਜੁਗ=ਸਮਾਂ ਭਾਵ ਕਲਜੁਗ ਦੇ ਸਮੇਂ ਵਿੱਚ ਹਰਿ=ਵਾਹਿਗੁਰੂ ਦੇ ਨਾਮ ਦਾ ਰੰਗੁ=ਪ੍ਰੇਮ ਲਗਿਆ ਹੈ ਉਹ ਸੂਰਾ=ਸੂਰਬੀਰ ਕਹੀਅਤ=ਕਿਹਾ ਜਾਂਦਾ ਹੈ। ਸਤਿਗੁਰੂ ਜੀ ਨੇ ਇਥੇ ਕੇਵਲ ਸੂਰਮੇ ਦੀ ਗੱਲ ਕੀਤੀ ਹੈ ਪਰ ਗੁਰਬਾਣੀ ਵਿੱਚ ਸੂਰਬੀਰ ਪੁਰਸ਼ਾਂ ਦੇ ਤਿੰਨ ਦਰਜੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਪੁਜੀ ਸਾਹਿਬ ਦੀ ੩੭ਵੀਂ ਪਉੜੀ ਵਿੱਚ ਕਥਨ ਕਰਦੇ ਹਨ।

ਯਥਾ— **ਤਿਥੈ ਜੋਧ ਮਹਾਬਲ ਸੂਰ** [ਜਪੁ ਜੀ ਸਾਹਿਬ, ਅੰਗ ੮]

ਜੋਧਾ ਉਸਨੂੰ ਕਿਹਾ ਜਾਂਦਾ ਹੈ ਜੋ ਇਕ ਦੁਸ਼ਮਣ ਨਾਲ ਲੜਕੇ ਉਸ ਤੇ ਫਤੇ ਪਾ ਲਵੇ। ਮਹਾਂਬਲੀ ਉਸਨੂੰ ਕਿਹਾ ਜਾਂਦਾ ਹੈ ਜੋ ਦਸ ਹਜ਼ਾਰ ਦੁਸ਼ਮਣ ਨਾਲ ਲੜੇ ਤੇ ਹਾਰੇ ਨਾ ਜੂਝਦਾ ਹੋਇਆ ਉਹਨਾਂ ਦੇ ਫਤੇ ਪ੍ਰਾਪਤ ਕਰ ਲਵੇ। ਸੂਰਮਾ ਉਸਨੂੰ ਕਿਹਾ ਜਾਂਦਾ ਹੈ ਜੋ ਅਣ-ਗਿਣਤ ਦੁਸ਼ਮਣਾਂ ਨਾਲ ਲੜਦਾ ਹੋਇਆ ਉਹਨਾਂ ਤੇ ਫਤੇ ਪ੍ਰਾਪਤ ਕਰ ਲਵੇ। ਇਨ੍ਹਾਂ ਨੂੰ ਦੂਜੇ ਸ਼ਬਦਾਂ ਵਿੱਚ ਜੋਧੇ ਨੂੰ ਰਥੀ, ਮਹਾਂਬਲੀ ਨੂੰ ਮਹਾਂਰਥੀ, ਸੂਰਮੇ ਨੂੰ ਅਤਰਥੀ ਕਿਹਾ ਜਾਂਦਾ ਹੈ। ਅੰਤਰੀਵ ਜੋਧੇ ਉਹ ਹਨ ਜੋ ਆਪਣੇ ਸਰੀਰ ਨੂੰ ਕੁਸੰਗਤ ਵਲੋਂ ਰੋਕ ਕੇ ਰਖਦੇ ਹਨ। ਮਹਾਂਬਲੀ ਉਹ ਹਨ ਜੋ ਆਪਣੇ ਦਸੇ ਇੰਦ੍ਰਿਆਂ ਨੂੰ ਵਸ ਵਿੱਚ ਰਖਦੇ ਹਨ। ਸੂਰਮੇ ਉਹ ਹਨ ਜੋ ਆਪਣੇ ਮਨ ਦੇ ਅਨੇਕਾਂ ਫੁਰਨਿਆਂ ਤੇ ਕਾਬੂ ਪਾ ਕੇ ਨਾਮ ਰੰਗ ਵਿੱਚ ਰਹਿੰਦੇ ਹਨ।

ਯਥਾ— **ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥** [ਗਉੜੀ ਮਃ ੫, ਅੰਗ ੨੫੮]

ਅਥਵਾ। ਜੋਧੇ=ਸ੍ਰਵਣ ਕਰਨ ਵਾਲੇ, ਮਹਾਂਬਲੀ=ਮੰਨਣ ਕਰਨ ਵਾਲੇ ਤੇ ਸੂਰਮੇ=ਨਿਧਿਆਸਣ ਕਮਾਈ ਕਰਨ ਵਾਲੇ। ਜਿਨ੍ਹਾਂ ਦਾ ਹਮੇਸ਼ਾਂ ਹੀ ਧਿਆਨ ਜੁੜਿਆ ਰਹਿੰਦਾ ਹੈ।

ਅਥਵਾ—ਮਾਇਆ ਦੇ ਤਿੰਨ ਗੁਣ ਰਜ ਗੁਣ-ਸਤ ਗੁਣ ਤੇ ਤਮ ਗੁਣ ਹਨ-ਤਮੋ ਗੁਣ ਨੂੰ ਵਸ ਕਰਨ ਵਾਲਾ ਜੋਧਾ, ਰਜੋ ਗੁਣ ਨੂੰ ਵਸ ਕਰਨ ਵਾਲਾ ਮਹਾਂਬਲੀ ਤੇ ਸੂਰਮਾ ਸਤੋ ਗੁਣ ਨੂੰ ਪਾ ਕੇ ਹੰਗਤਾ ਨਹੀਂ ਕਰਦਾ ਭਾਵ

PDF created with pdfFactory Pro trial version www.pdffactory.com

ਸਤੋ ਗੁਣ ਤੇ ਫਤਹਿ ਪਾ ਕੇ ਆਪਣੇ ਸਰੂਪ ਦੀ ਸਖਿਆਤਤਾ ਕੀਤੀ ਹੈ ਵਾ-ਤੂੰ ਪਦ ਦੇ ਲਖ ਅਰਥ ਨੂੰ ਜਾਨਣ ਵਾਲਾ=ਜੋਧਾ ਅਤੇ ਤਤ ਪਦ ਦੇ ਲਖ ਅਰਥ ਨੂੰ ਜਾਨਣ ਵਾਲਾ ਮਹਾਂਬਲੀ, ਤਤ ਤੂੰ ਪਦ ਦਾ ਸ਼ੋਧਨ ਕਰਨ ਵਾਲਾ ਅਤੇ ਤਤ ਤੂੰ ਤੇ ਤੂੰ ਤਤ ਅਸਪਦ ਵਿੱਚ ਇਸਥਿਤ ਹੋਣ ਵਾਲਾ ਸੂਰਮਾ ਹੈ। ਤੀਸਰੇ ਪਾਤਸ਼ਾਹ ਸੂਰਮੇ ਦੀ ਪਰਿਭਾਸ਼ਾ ਕਰਦੇ ਹੋਏ ਕਥਨ ਕਰਦੇ ਹਨ। ਕਿ ਉਹ ਸ੍ਰੇਸ਼ਟ ਸੂਰਮਾ ਹੈ ਜਿਸ ਨੇ ਸਭ ਤੋਂ ਵੱਡੇ ਦੁਸ਼ਮਣ ਦੁਸ਼ਟ ਹੰਕਾਰ ਨੂੰ ਮਾਰਨਾ ਕੀਤਾ ਹੈ।

ਯਥਾ— **੧. ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥**

[ਵਾਰ ਸਿਰੀਰਾਗੁ ਮ: ੩, ਅੰਗ ੮੬]

ਅਗੇ ਸੂਰਮੇ ਦੀ ਹੋਰ ਵਿਆਖਿਆ ਕਰਦੇ ਹਨ :—

**੨. ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥** [ਗਉੜੀ ਮ: ੫, ਅੰਗ ੩੦੦]

ਗੁਰੂ ਅਰਜਨ ਸਾਹਿਬ ਜੀ ਇਕ ਜਗ੍ਹਾ ਹੋਰ ਫੁਰਮਾਨ ਕਰਦੇ ਹਨ ਕਿ ਨਾਮ ਰੰਗ ਵਾਲਾ ਸੂਰਮਾ ਉਹੀ ਹੋ ਸਕਦਾ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹੋਣ ਤੇ ਸਾਰਿਆਂ ਵਿਚੋਂ ਪਰਧਾਨ ਵੀ ਉਹੀ ਹੈ।

ਯਥਾ— **ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥** [ਮਾਝ ਮ: ੫, ਅੰਗ ੧੩੨]

ਸੋ ਇਉਂ ਗੁਰੂ ਘਰ ਵਿੱਚ ਦੋ ਕਿਸਮ ਦੇ ਸੂਰਮੇ ਹਨ। ਇਕ ਸੂਰਮਾ ਗੁਰੂ ਜੀ ਨੇ ਗੁਰੂ ਨਾਨਕ ਤੋਂ ਲੈ ਕੇ ਦੂਜੇ, ਤੀਜੇ, ਚੌਥੇ, ਪੰਜਵੇਂ ਸਤਵੇਂ, ਅਠਵੇਂ, ਤੇ ਨੌਵੇਂ ਜਾਮੇ ਵਿੱਚ ਨਾਮ ਰੰਗ ਵਾਲਾ ਸੂਰਮਾ ਪੈਦਾ ਕੀਤਾ। ਦੂਜਾ ਜਿਸਮਾਨੀ ਸੂਰਮਾ ਛੇਵੇਂ ਅਤੇ ਦਸਵੇਂ ਜਾਮੇ ਵਿੱਚ ਪੈਦਾ ਕੀਤਾ। ਚਮਕੌਰ ਦੀ ਕੱਚੀ ਗੜ੍ਹੀ ਵਿੱਚ ਦੁਸ਼ਮਣ ਦੇ ਦਸ ਲੱਖ ਦਲ ਨਾਲ ਚਾਲੀ ਸਿੰਘਾਂ ਵਿਚੋਂ ਅੱਠ ਸਿੰਘਾਂ ਦਾ ਜੱਥਾ ਭੇਜਕੇ ਆਪਣਾ ਯਥਾ—ਸਵਾ ਲਾਖ ਸੇ ਏਕ ਲੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥ ਦਾ ਬਚਨ ਪੂਰਾ ਕੀਤਾ। ਜਿਸਮਾਨੀ ਸੂਰਮਿਆਂ ਦੀ ਵਿਆਖਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਿਤ ਬਾਣੀ ਦਸਮ ਵਿੱਚ ਇਕ ਸੂਯੇ ਦੁਆਰਾ ਅੰਤਰੀਵ ਤੇ ਬਾਹਝ ਭਾਵ ਪ੍ਰਗਟ ਕਰਦੇ ਹਨ।

ਯਥਾ— **ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥**
**ਦੇਹ ਅਨਿਤ ਨ ਨਿਤ ਰਹੈ, ਜਸੁ ਨਾਵ ਚੜੇ ਭਵ ਸਾਗਰ ਤਾਰੈ ॥**
**ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਅਰੈ ॥**
**ਗਯਾਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤੁਰਤਾ ਕੁਤਵਾਰ ਬੁਹਾਰੈ ॥**

[ਦਸਮ ਗ੍ਰੰਥ, ਪੰਨਾ ੫੭੦]

ਇਕ ਹੋਰ ਸੱਵਯੇ ਦੁਆਰਾ ਜਿਸਮਾਨੀ ਸੂਰਮੇ ਦੀ ਗੱਲ ਕਰਦੇ ਹਨ।

ਯਥਾ— **ਦੇਹਿ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਕੇ ਕਬਹੂੰ ਨ ਟਰੋਂ ॥**
**ਨ ਡਰੋ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਆਪਨੀ ਜੀਤ ਕਰੋਂ ॥**
**ਅਰੁ ਸਿਖ ਹੌ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ॥**
**ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮਹਿ ਤਬ ਜੂਝ ਮਰੋਂ ॥**

[ਦਸਮ ਗ੍ਰੰਥ, ਚੰਡੀ ਚਰਿਤ੍ਰ ਪੰਨਾ ੯੯]

ਸੋ ਇਸ ਪ੍ਰਕਾਰ ਗੁਰੂ ਕੇ ਸਿੱਖਾਂ ਵਿੱਚ ਦੋਨੋਂ ਕਿਸਮ ਦੇ ਪੂਰੇ ਸੂਰਮੇ ਹਨ ਅੰਤਰੀਵ ਵੀ ਅਤੇ ਬਾਹਝ ਵੀ। ਭਗਤੀ ਰਸ ਵਾਲਾ ਅੰਤਰੀਵ ਸੂਰਮਾ ਤੇ ਬੀਰ ਰਸ ਵਾਲਾ ਬਾਹਝ ਸੂਰਮਾ ਹੈ। ਇਸ ਤਰ੍ਹਾਂ ਸਤਿਗੁਰੂ ਜੀ ਇਥੇ ਉਸ ਨੂੰ ਸੂਰਮਾ ਦੱਸ ਰਹੇ ਹਨ ਜਿਸ ਦੇ ਮਨ ਨੂੰ ਪ੍ਰਮੇਸ਼ਰ ਦੇ ਨਾਮ ਦਾ ਪ੍ਰੇਮ ਰੂਪ ਰੰਗ ਚੜ੍ਹਿਆ ਹੋਇਆ ਹੈ, ਕਿਉਂਕਿ

PDF created with pdfFactory Pro trial version www.pdffactory.com

ਸਾਡੇ ਮਨ ਨੂੰ ਅਨੇਕਾਂ ਤਰ੍ਹਾਂ ਦੇ ਅਣਗਿਣਤ ਵਿਸ਼ੇ ਵਿਕਾਰਾਂ ਰੂਪ ਰੰਗ ਚੜ੍ਹੇ ਹੋਏ ਹਨ। ਉਨ੍ਹਾਂ ਅਣਗਿਣਤ ਰੰਗਾਂ ਨੂੰ ਮਨ ਤੋਂ ਲਾਹੁਣ ਵਾਸਤੇ ਵਿਕਾਰਾਂ ਨਾਲ ਜੰਗ ਲੜਦੇ-ਲੜਦੇ ਉਨ੍ਹਾਂ ਰੰਗਾਂ ਨੂੰ ਲਾਹ ਕੇ ਮਨ ਨੂੰ ਨਾਮ ਦੇ ਰੰਗ ਵਿੱਚ ਰੰਗਣ ਵਾਲਾ ਹੀ ਕਲਜੁਗ ਵਿੱਚ ਅਸਲੀ ਸੂਰਮਾ ਹੈ। ਫਿਰ ਭਾਵੇਂ ਕੋਈ ਉਨ੍ਹਾਂ ਦੇ ਸਰੀਰ ਨੂੰ ਚੀਰ ਦੇਵੇ ਪਰ ਨਾਮ ਦਾ ਰੰਗ ਨਹੀਂ ਲਹਿੰਦਾ। ਅਜਿਹੇ ਗੁਰਸਿੱਖ ਸੂਰਮਿਆਂ ਦੇ ਵਿਚੋਂ ਭਾਈ ਮਤੀਦਾਸ ਦਾ ਨਾਮ ਬੜੇ ਆਦਰ ਨਾਲ ਲਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਪੰਜ ਸਿੱਖਾਂ ਵਿਚੋਂ ਇਕ ਅਹਿਮ ਸਿੱਖ ਸਨ। ਸਤਿਗੁਰੂ ਜੀ ਦਾ 'ਸੀਤ ਪ੍ਰਸਾਦਿ' ਲੈਣ ਤੋਂ ਬੇਅੰਤ ਸ਼ਕਤੀਆਂ ਪ੍ਰਾਪਤ ਹੋ ਗਈਆਂ, ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਦਿੱਲੀ ਤੇ ਲਾਹੌਰ ਨੂੰ ਟਕਰਾ ਕੇ ਨਸ਼ਟ ਕਰ ਦਿਆਂ ਜਾਂ ਔਰੰਗਜ਼ੇਬ ਨੂੰ ਪਰਿਵਾਰ ਸਮੇਤ ਮਾਰ ਦਿਆਂ ਤਾਂ ਸਤਿਗੁਰੂ ਜੀ ਕਹਿਣ ਲੱਗੇ ਹੇ ਮਤੀ ਦਾਸ ਤੂੰ ਅਜੇ ਬ੍ਰਹਮ ਗਿਆਨ ਵਿੱਚ ਕੱਚਾ ਹੈਂ।

ਯਥਾ— **ਸ਼ਕਤਿ ਧਰਹਿ ਉਰ ਜਰੀ ਨ ਜਾਇ॥ ਹਮਰੋ ਆਸ਼ੈ ਨਹੀਂ ਲਖਾਇ॥**
**ਬ੍ਰਹਮ ਗਯਾਨ ਮਹਿਂ ਅਬ ਲਗ ਕਾਚਾ॥ ਲਖਯੋ ਨ ਸਭਿ ਜਗ ਏਕੋ ਸਾਚਾ॥**

[ਗੁਰ ਪ੍ਰਤਾਪ ਰਾਸਿ ੧੨, ਅੰਸੂ ੫੪]

ਉਸ ਤੋਂ ਬਾਅਦ ਅਜਿਹਾ ਭਾਣਾ ਮੰਨਿਆ ਕਿ ਜਦੋਂ ਔਰੰਗਜ਼ੇਬ ਦੀ ਸੀ.ਆਈ.ਡੀ. ਨੇ ਰਾਤ ਦੀ ਰਿਪੋਰਟ ਬਾਦਸ਼ਾਹ ਨੂੰ ਦੇ ਦਿੱਤੀ ਤਾਂ ਬਾਦਸ਼ਾਹ ਨੇ ਕਾਜ਼ੀ ਨੂੰ ਬੁਲਾ ਕੇ ਜਿਉਂਦੇ ਚੀਰਨ ਦਾ ਫਤਵਾ ਦਿਵਾ ਦਿੱਤਾ ਪਰ ਕਰਾਮਾਤ ਨਹੀਂ ਦਿਖਾਈ। ਜਲਾਦਾਂ ਵਲੋਂ ਅੰਤ ਵੇਲੇ ਅੰਤਮ ਇੱਛਾ ਪੁਛਣ ਤੋਂ ਭਾਈ ਸਾਹਿਬ ਨੇ ਕਿਹਾ ਕਿ ਆਰਾ ਚੱਲਣ ਵੇਲੇ ਮੇਰਾ ਮੁਖ ਗੁਰੂ ਦੇ ਪਿੰਜਰੇ ਵੱਲ ਹੋਣਾ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅੰਮ੍ਰਿਤ ਬਚਨ ਅਨੁਸਾਰ ਪ੍ਰੇਮ ਰੰਗ ਵਿਚ ਰੰਗੇ ਹੋਇਆਂ ਦੀ ਇਹੀ ਨਿਸ਼ਾਨੀ ਹੈ:—

ਯਥਾ— **ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ ਸਾਈ॥** [ਸਲੋਕ ਮਃ ੫, ਅੰਗ ੧੪੨੫]

ਜਦੋਂ ਜਲਾਦ ਭਾਈ ਸਾਹਿਬ ਨੂੰ ਫੱਟਿਆਂ ਵਿੱਚ ਜਕੜ ਕੇ ਆਰਿਆਂ ਨਾਲ ਚੀਰਨ ਲੱਗੇ ਤਾਂ ਭਾਈ ਸਾਹਿਬ ਨੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕੀਤਾ। 'ਅਸੰਖ ਜਪ' ਵਾਲੀ ਪਉੜੀ ਤੇ ਭਾਈ ਸਾਹਿਬ ਪਹੁੰਚੇ ਤਾਂ ਜ਼ਾਲਮਾਂ ਨੇ ਸਰੀਰ ਦੇ ਦੋ ਫਾੜੇ ਕਰ ਦਿੱਤੇ, ਪਰ ਜਪੁਜੀ ਸਾਹਿਬ ਦੇ ਪਾਠ ਨੂੰ ਕੋਈ ਫ਼ਰਕ ਨਹੀਂ ਪਿਆ, ਉਸੇ ਤਰ੍ਹਾਂ ਇਸ ਰਸ ਆਵਾਜ਼ ਆਉਂਦੀ ਰਹੀ।

ਯਥਾ— **ਅਰਧੋ ਅਰਧ ਚਿਰਾਇ ਸੁ ਡਾਰਾ। ਪਰਯੋ ਪ੍ਰਿਥਵੀ ਪਰ ਹ੍ਵੈ ਦੋ ਫਾਰਾ॥**
**ਦੋਨਹੁ ਤਨ ਤੇ ਜਪੁਜੀ ਪਢੈ। ਹੇਰਤ ਸਭ ਕੇ ਅਚਰਜ ਬਢੈ॥੪੬॥**
**ਹੋਇ ਦੁਖੰਡ ਨ ਜੀਵਤਿ ਕੋਈ। ਇਹ ਤੋ ਪਠਤਿ ਜਿਯਤਿ ਜਿਮ ਹੋਈ॥**
**ਭੋਗ ਪਾਇ ਕਰਿ ਦੋਨਹੁ ਤਨ ਤੇ। ਗੁਰਪੁਰਿ ਪਹੁੰਚਯੋ ਪ੍ਰੇਮੀ ਮਨ ਤੇ॥**

[ਗੁਰ ਪ੍ਰਤਾਪ ਰਾਸਿ ੧੨, ਅੰਸੂ ੫੫]

ਸੋ ਇਸ ਪ੍ਰਕਾਰ ਦੇ ਸੂਰਮੇ ਭਾਈ ਮਤੀ ਦਾਸ ਜੀ ਨਿਕਲੇ ਜਿਨ੍ਹਾਂ ਦੇ ਸਰੀਰ ਨੂੰ ਚੀਰਨ ਨਾਲ ਵੀ ਇਹ ਰੰਗ ਉਤਰਿਆ ਨਹੀਂ।

ਯਥਾ— **ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ॥**

[ਮਾਲੀ ਗਉੜਾ ਮਃ ੪, ਅੰਗ ੯੮੫]

## ***ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥***

ਜਿਸ ਜਗਿਆਸੂ ਦਾ ਸਤਿਗੁਰੂ ਰਖਵਾਲਾ ਹੈ ਉਸਨੇ ਆਤਮ=ਮਨ ਨੂੰ ਜਿੱਤ ਲਿਆ ਹੈ ਮਨ ਨੂੰ ਜਿੱਤਣ ਦੇ ਨਾਲ ਸਾਰੇ ਇੰਦ੍ਰੇ ਉਸ ਦੇ ਵਸ ਵਿੱਚ ਆ ਗਏ ਹਨ।

PDF created with pdfFactory Pro trial version www.pdffactory.com

ਯਥਾ— **੧. ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥** [ਗਉੜੀ ਮਃ ੫, ਅੰਗ ੨੯੯]

**੨. ਆਤਮੁ ਜਿਤਾ ਗੁਰਮਤੀ ਆਗੰਜਤ ਪਾਗਾ ॥** [ਵਾਰ ਰਾਮਕਲੀ ਮਃ ੫, ਅੰਗ ੯੬੫]

## ਠਾਕੁਰੁ ਗਾਈਐ ਆਤਮ ਰੰਗਿ ॥

ਆਤਮ=ਮਨ ਦੇ ਰੰਗਿ=ਪ੍ਰੇਮ ਕਰਕੇ ਠਾਕੁਰੁ=ਮਾਲਕ ਦੇ ਜਸ ਨੂੰ ਗਾਉਣਾ ਚਾਹੀਦਾ ਹੈ।

## ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥

ਜੋ ਸਤਿਗੁਰਾਂ ਦੀ ਸਰਣ ਵਿੱਚ ਪਾਵਨ=ਪੈ ਕੇ ਨਾਮ ਨੂੰ ਧਿਆਉਂਦੇ ਹਨ ਉਹ ਸਹਜਿ=ਗਿਆਨ ਦੇ ਸੰਗਿ=ਨਾਲ ਸਮਾ ਜਾਂਦੇ ਹਨ ਭਾਵ ਪ੍ਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ।

## ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥

ਜਨ=ਸੰਤਾਂ ਜਨਾਂ ਦੇ ਚਰਨ ਮੇਰੇ ਹਿਰਦੇ ਵਿੱਚ ਵਸ ਜਾਣ ਭਾਵ ਸ਼ਾਂਤ ਆਤਮਾ ਗੁਰੂ ਰਾਮ ਦਾਸ ਜੀ ਦੇ ਚਰਨ ਮੇਰੇ ਹਿਰਦੇ ਵਿੱਚ ਵਸ ਜਾਣ। ਕਿਉਂਕਿ ਉਸ ਸ਼ਾਂਤ ਆਤਮਾ, ਸੰਤ ਸਰੂਪ ਸਤਿਗੁਰੂ ਜੀ ਦੀ ਸੰਗਤ ਕਰਕੇ ਦੇਹ ਪਵਿਤ੍ਰ ਹੋ ਜਾਂਦੀ ਹੈ।

ਯਥਾ— **ਜਨ ਚਰਨ ਕਮਲ ਸਿਉ ਲਾਗੋ ਮਨਾ ॥** [ਗਉੜੀ ਮਃ ੫, ਅੰਗ ੧੯੮]

## ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥

ਹੇ ਕਿਰਪਾ ਦੇ ਨਿਧਿ=ਖਜ਼ਾਨੇ ਭਾਵ ਕਿਰਪਾ ਦੇ ਸਮੁੰਦਰ ਵਾਹਿਗੁਰੂ ! ਸੰਤ ਜਨਾਂ ਦੀ ਚਰਨ ਧੂੜ ਦੇਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੇਰੇ ਵਾਸਤੇ ਏਹੋ ਹੀ ਚਰਨ ਧੂੜ ਸੁੱਖ ਦੇਣ ਵਾਲੀ ਹੈ। ਕਿਉਂਕਿ ਮਹਾਂਪੁਰਸ਼ਾਂ ਦੀ ਚਰਨ ਧੂੜ ਵਿੱਚ ਮਹਾਨ ਬਰਕਤਾਂ ਹਨ। ਇਤਨੀ ਪਵਿੱਤ੍ਰਤਾ ਮਹਾਂਪੁਰਸ਼ਾਂ ਦੇ ਚਰਨ ਧੂੜ ਵਿੱਚ ਵਸਦੀ ਹੈ ਕਿ ਕੋਈ ਵੀ ਤੀਰਥ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ ਸਗੋਂ ਤੀਰਥ ਵੀ ਆਪਣੀ ਪਵਿੱਤ੍ਰਤਾ ਲਈ ਸਤ ਪੁਰਸ਼ਾਂ ਦੀ ਚਰਨ ਧੂੜ ਨੂੰ ਲੋਚਦੇ ਹਨ।

ਯਥਾ— **ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥**
**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥**
[ਮਲਾਰ ਮਃ ੪, ਅੰਗ ੧੨੬੩]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com